IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਸੰਗੀਤ ਦੇ ਪ੍ਰਕਾਸ਼ਨ ਖੇਤਰ ਵਿੱਚ ਪੰਜਾਬ ਦੇ ਪ੍ਰਕਾਸ਼ਨ ਅਦਾਰਿਆਂ ਦੀ ਭੂਮਿਕਾ: ਇਕ ਵਿਵੇਚਨਾਤਮਕ ਅਧਿਐਨ

ਡਾ. ਰਿਸ਼ਪਾਲ ਸਿੰਘ ਵਿਰਕ,
ਸਹਾਇਕ ਪ੍ਰੋਫੈਸਰ, ਡਿਪਾਰਟਮੈਂਟ ਆਫ ਪ੍ਰਫਾਰਮਿੰਗ ਐਂਡ ਫਾਈਨ ਆਰਟਸ,
ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ

**ਸਾਰ**

ਪੰਜਾਬ ਵਿੱਚ ਸੰਗੀਤ ਪ੍ਰਕਾਸ਼ਨਾਵਾਂ ਵਿੱਚਲੇ ਮੁੱਢਲੇ ਕਾਰਜ ਭਾਵੇਂ ਦੇਰੀ ਨਾਲ ਆਰੰਭ ਹੋਏ ਪਰੰਤੂ ਵਰਤਮਾਨ ਸਮੇਂ ਇਹ ਕਾਰਜ ਵਿਸ਼ਾਲ ਰੂਪ ਅਖਤਿਆਰ ਕਰ ਚੁੱਕੇ ਹਨ।ਵਿਦਵਾਨਾਂ ਦੇ ਅਣਥੱਕ ਯਤਨਾਂ ਸਦਕਾ ਇਕੀਵੀਂ ਸਦੀ ਦੇ ਤੀਜੇ ਦਹਾਕੇ ਤੱਕ ਦੇ ਵਿਭਿੰਨ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਨੇ ਲਗਭਗ ਇਕ ਸਦੀ ਦਾ ਸਫਰ ਤੈਅ ਕਰ ਲਿਆ ਹੈ ਜਿਸ ਦੌਰਾਨ ਲਗਭਗ 300 ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਚੁਕਿਆ ਹੈ ਜਿਸ ਲਈ ਸੰਗੀਤ ਨਾਲ ਸਬੰਧਿਤ ਸਮਗਰੀ ਨੂੰ ਪੁਸਤਕ ਰੂਪ ਵਿੱਚ ਰੂਪਮਾਨ ਕਰਨ ਵਾਲੇ ਪ੍ਰਕਾਸ਼ਨ ਅਦਾਰਿਆਂ ਦੀ ਭੂਮਿਕਾ ਸਰਾਹੁਣਯੋਗ ਹੈ। ਇਹਨਾਂ ਪ੍ਰਕਾਸ਼ਨ ਅਦਾਰਿਆਂ ਵੱਲੋਂ ਸੰਗੀਤ ਸਾਹਿਤ ਨੂੰ ਸਾਂਭਣ ਲਈ ਕੀਤੇ ਗਏ ਪੁਸਤਕ ਪ੍ਰਕਾਸ਼ਨ ਰੂਪੀ ਕੀਤੇ ਗਏ ਉਪਰਾਲਿਆਂ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕੀਤਾ ਗਿਆ ਹੈ।

**ਵਿਸ਼ੇਸ਼ ਸ਼ਬਦ**: ਸੰਗੀਤ, ਪ੍ਰਕਾਸ਼ਨਾਵਾਂ, ਪ੍ਰਕਾਸ਼ਕ, ਸਾਹਿਤ।

ਭਾਰਤੀ ਸੰਗੀਤ ਵਿੱਚ ਗ੍ਰੰਥ ਲਿਖਣ ਦੀ ਪਰੰਪਰਾ ਪ੍ਰਾਚੀਨ ਹੈ ਜੋ ਕਿ ਵੇਦਾਂ ਤੋਂ ਆਰੰਭ ਹੋ ਕੇ ਪੀੜ੍ਹੀ ਦਰ ਪੀੜ੍ਹੀ ਸਫਰ ਤੈਅ ਕਰਦੀ ਹੋਈ ਵੇਦ ਵਿਆਸ, ਮਹਾਂਰਿਸ਼ੀ ਬਾਲਮੀਕ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਵਿਕਸਤ ਹੋਈ ਜਿਸਨੂੰ ਭਰਤ ਮੁਨੀ, ਮਤੰਗ ਮੁਨੀ, ਸ਼ਾਰੰਗਦੇਵ, ਅਹੋਬਲ, ਪੰਡਿਤ ਲੋਚਨ ਦਤਿਲਮ ਅਤੇ ਰਮਾਮਾਤਿਅ ਆਦਿ ਲੇਖਕਾਂ ਨੇ ਸੰਵਾਰਿਆ ਅਤੇ ਸ਼ਿੰਗਾਰਿਆ। ਅਜਿਹੇ ਵਿਦਵਾਨ ਲੇਖਕਾਂ ਦੇ ਯਤਨਾਂ ਸਦਕਾ ਹੀ ਅਸੀ ਸੰਗੀਤ ਕਲਾ ਰੂਪੀ ਵਿਰਾਸਤ ਨੂੰ ਸਾਂਭਣ ਵਿੱਚ ਕਾਮਯਾਬ ਹੋ ਸਕੇ ਹਾਂ। ਕਾਲਾਂਤਰ ਵਿੱਚ ਵਿਭਿੰਨ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਸੰਗੀਤ ਦੇ ਵਿਕਾਸ ਵਿੱਚ ਮੀਲ ਪੱਥਰ ਸਾਬਤ ਹੋਈਆਂ।ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਅਤੇ ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਦੇ ਅਣਥੱਕ ਯਤਨਾਂ ਸਦਕਾ ਸੰਗੀਤ ਦੀ ਸੰਸਥਾਗਤ ਸਿਖਿਆ ਪ੍ਰਣਾਲੀ ਹੋਂਦ ਵਿੱਚ ਆਈ। ਨਤੀਜੇ ਵਜੋਂ ਸੰਗੀਤ ਦੀ ਤਾਲੀਮ ਸਿਖਿਆ ਦੇ ਰੂਪ ਵਿੱਚ ਪ੍ਰਵਰਤਿਤ ਹੋਕੇ ਸਾਹਮਣੇ ਆਈ। ਸੰਗੀਤ ਦੀ ਸੰਸਥਾਗਤ ਸਿਖਿਆ ਪ੍ਰਣਾਲੀ ਵਿੱਚ ਵਿਕਸਤ ਹੋਣ ਨਾਲ ਸੰਗੀਤ ਸੁਤੰਤਰ ਵਿਸ਼ੇ ਵਜੋਂ ਸਥਾਪਿਤ ਹੋਇਆ ਜਿਸ ਲਈ ਨਿਰਧਾਰਿਤ ਪਾਠਕ੍ਰਮ ਦੀ ਲੋੜ੍ਹ ਮਹਿਸੂਸ ਹੋਈ। ਪਿਛਲੇ ਸਮੇਂ ਤੋਂ ਪੰਜਾਬ ਵਿੱਚ ਵੀ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਨਿਜੀ ਸੰਸਥਾਵਾਂ ਵਿੱਚ ਸੰਗੀਤ ਇਕ ਸੁਤੰਤਰ ਵਿਸ਼ੇ ਵਜੋਂ ਸਥਾਪਿਤ ਹੋ ਚੁੱਕਿਆ ਹੈ ਜਿਸ ਲਈ ਪੰਜਾਬੀ ਭਾਸ਼ਾਈ ਸੰਗੀਤ ਪਾਠਕਾਂ ਲਈ ਪਾਠਕ੍ਰਮ ਨਾਲ ਸਮਗਰੀ ਦੀ ਲੋੜ੍ਹ ਮਹਿਸੂਸ ਹੁੰਦੀ ਹੈ। ਹੋਰਨਾਂ ਭਾਸ਼ਾਵਾਂ ਵਿੱਚ ਭਾਰਤੀ ਸੰਗੀਤ ਨਾਲ ਸਬੰਧਿਤ ਪ੍ਰਕਾਸ਼ਨਾਵਾਂ ਮੁੱਢ-ਕਦੀਮੀ ਚਲਦੀਆਂ ਆ ਰਹੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਭਾਸ਼ਾ ਵਿੱਚ ਭਾਰਤੀ ਸੰਗੀਤ ਦੀਆਂ ਪੁਸਤਕਾਂ ਕੁਝ ਦੇਰ ਨਾਲ ਪ੍ਰਕਾਸ਼ਿਤ ਹੋਣੀਆਂ ਸ਼ੁਰੂ ਹੋਈਆਂ।ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਵਿੱਚਲੇ ਮੁੱਢਲੇ ਕਾਰਜ ਭਾਵੇਂ ਦੇਰੀ ਨਾਲ ਆਰੰਭ ਹੋਏ ਪਰੰਤੂ ਵਰਤਮਾਨ ਸਮੇਂ ਇਹ ਕਾਰਜ ਵਿਸ਼ਾਲ ਰੂਪ ਅਖਤਿਆਰ ਕਰ ਚੁੱਕੇ ਹਨ।ਵਿਦਵਾਨਾਂ ਦੇ ਅਣਥੱਕ ਯਤਨਾਂ ਸਦਕਾ ਇਕੀਵੀਂ ਸਦੀ ਦੇ ਤੀਜੇ ਦਹਾਕੇ ਤੱਕ ਦੇ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਨੇ ਲਗਭਗ

ਇਕ ਸਦੀ ਦਾ ਸਫਰ ਤੈਅ ਕਰ ਲਿਆ ਹੈ ਜਿਸ ਦੌਰਾਨ ਲਗਭਗ 300 ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਚੁਕਿਆ ਹੈ ਜਿਸ ਲਈ ਸੰਗੀਤ ਨਾਲ ਸਬੰਧਿਤ ਸਮਗਰੀ ਨੂੰ ਪੁਸਤਕ ਰੂਪ ਵਿੱਚ ਰੂਪਮਾਨ ਕਰਨ ਵਾਲੇ ਪ੍ਰਕਾਸ਼ਨ ਅਦਾਰਿਆਂ ਦੀ ਭੂਮਿਕਾ ਨੂੰ ਅੱਖੋਂ-ਉਹਲੇ ਨਹੀਂ ਕੀਤਾ ਜਾ ਸਕਦਾ।ਸੰਗੀਤ ਕਲਾ ਨਾਲ ਸਬੰਧਿਤ ਪੁਸਤਕਾਂ ਦਾ ਪ੍ਰਕਾਸ਼ਨ ਕਰਨ ਵਾਲੇ ਪ੍ਰਕਾਸ਼ਨ ਅਦਾਰਿਆਂ ਦਾ ਵਿਵਰਨ ਹੇਠ ਲਿਖੇ ਅਨੁਸਾਰ ਹੈ:-

### ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕਾਰਜਰਤ ਧਰਮ ਪ੍ਰਚਾਰ ਕਮੇਟੀ ਦੀ ਸਥਾਪਨਾ ਸਿੱਖ ਸਾਹਿਤ ਅਤੇ ਸਿੱਖ ਸੰਗੀਤ ਦੀ ਸਾਂਭ ਸੰਭਾਲ ਹਿੱਤ ਕੀਤੀ ਗਈ ਹੈ। ਧਰਮ ਪ੍ਰਚਾਰ ਕਮੇਟੀ ਦਾ ਮੂਲ ਮੰਤਵ ਸਿੱਖ ਮਰਿਯਾਦਾ ਦੇ ਮੂਲ ਸਿਧਾਂਤਾਂ ਨੂੰ ਪ੍ਰਕਾਸ਼ਿਤ ਰੂਪ ਵਿੱਚ ਆਮ ਲੋਕਾਂ ਤੱਕ ਪਹੁੰਚਾਉਣਾ ਹੈ। ਗੁਰੂ ਸਾਹਿਬਾਨ ਨੇ ਗੁਰੂ ਬਾਣੀ ਨੂੰ ਲੋਕ ਬਾਣੀ ਬਨਾਉਣ ਲਈ ਕੀਰਤਨ ਨੂੰ ਮਾਧਿਅਮ ਵਜੋਂ ਅਪਨਾਇਆ। ਸਿੱਖ ਸਾਹਿਤ ਵਿੱਚ ਕੀਰਤਨ ਦੀ ਮਹੱਤਤਾ ਨੂੰ ਦੇਖਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸੰਗੀਤ ਨਾਲ ਸਬੰਧਿਤ 10 ਪੁਸਤਕਾਂ ਦੀ ਰਚਨਾ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਿੰਸੀਪਲ ਦਿਆਲ ਸਿੰਘ, ਪ੍ਰੋਫੈਸਰ ਕਰਤਾਰ ਸਿੰਘ ਅਤੇ ਡਾ. ਗੁਰਨਾਮ ਸਿੰਘ ਆਦਿ ਜਿਹੇ ਵਿਦਵਾਨ ਲੇਖਕਾਂ ਪਾਸੋਂ ਗੁਰਮਤਿ ਸੰਗੀਤ ਨਾਲ ਸਬੰਧਿਤ ਵਿਭਿੰਨ ਵਿਸ਼ਿਆਂ ਨਾਲ ਸਬੰਧਿਤ ਪਹਿਲੂਆਂ ਨੂੰ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ।ਧਰਮ ਪ੍ਰਚਾਰ ਕਮੇਟੀ ਵਲੋਂ ਗੁਰਮਤਿ ਸੰਗੀਤ ਪਰ ਮਿਲੀ ਹੁਣ ਤਕ ਦੀ ਖੋਜ, ਗੁਰਬਾਣੀ ਸੰਗੀਤ ਭਾਗ ਪਹਿਲਾ (ਗਿਆਨ ਸਿੰਘ ਐਬਟਾਬਾਦ); ਢਾਡੀ ਸੋਹਣ ਸਿੰਘ ਸੀਤਲ (ਸਿਮਰਜੀਤ ਕੌਰ) ਗੁਰਬਾਣੀ ਸੰਗੀਤ ਭਾਗ ਦੂਜਾ (ਗਿਆਨ ਸਿੰਘ ਐਬਟਾਬਾਦ); ਗੁਰੂ ਅੰਗਦ ਦੇਵ ਸੰਗੀਤ ਦਰਪਣ (ਪ੍ਰੋ. ਕਰਤਾਰ ਸਿੰਘ) ਨਾਮਕ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ।[1]

### ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ

ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਾਲੇ ਮੁੱਢਲੇ ਪੰਜਾਬੀ ਭਾਸ਼ਾਈ ਪ੍ਰਕਾਸ਼ਨ ਅਦਾਰਿਆਂ ਵਿੱਚੋਂ ਹਨ। ਇਸ ਨਾਮਵਰ ਸੰਸਥਾ ਦੀ ਸਥਾਪਨਾ 1901 ਵਿੱਚ ਭਾਈ ਚਤਰ ਸਿੰਘ ਵਲੋਂ ਕੀਤੀ ਗਈ।[2] ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਦੀ ਪਲੇਠੀ ਪੁਸਤਕ ਹਰਮੋਨਿਯਮ ਕੀਰਤਨ ਸਿੱਖਿਆ (ਲੇਖਕ ਪ੍ਰੋ. ਸੁੰਦਰ ਸਿੰਘ) ਨੂੰ ਸਰਵ-ਪ੍ਰਥਮ ਪ੍ਰਕਾਸ਼ਿਤ ਕਰਨ ਦਾ ਸਿਹਰਾ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਾਲਿਆਂ ਨੂੰ ਹੀ ਜਾਂਦਾ ਹੈ। ਇਸ ਅਦਾਰੇ ਵਲੋਂ ਵਰਤਮਾਨ ਤੱਕ ਲਗਭਗ 10 ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਚੁਕਿਆ ਹੈ। ਸੰਸਥਾ ਦੇ ਸੰਚਾਲਕ ਨੇ ਖੋਜਾਰਥੀ ਨਾਲ ਨਿਜੀ ਭੇਂਟ ਵਾਰਤਾ ਦੌਰਾਨ ਦਸਿਆ ਕਿ 1920 ਦੇ ਲਗਭਗ ਅੰਮ੍ਰਿਤਸਰ ਵਿੱਚ ਹੋਰ ਕੋਈ ਵੀ ਪ੍ਰਕਾਸ਼ਨ ਅਦਾਰਾ ਨਹੀਂ ਸੀ ਜੋ ਸੰਗੀਤ ਵਿਸ਼ੇ ਨਾਲ ਸਬੰਧਿਤ ਪੁਸਤਕਾਂ ਦੇ ਪ੍ਰਕਾਸ਼ਨ ਦਾ ਹੌਂਸਲਾ ਕਰਦਾ ਪਰੰਤੂ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਾਲਿਆ ਨੇ ਸੰਗੀਤ ਖੇਤਰ ਦੇ ਵਿਦਵਾਨ ਲੇਖਕਾਂ ਦੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਕੇ ਲੇਖਕਾਂ ਦੀ ਹੌਸਲਾ ਅਫਜਾਈ ਕੀਤੀ। ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਲੋਂ ਹੁਣ ਤੱਕ ਹਰਮੋਨੀਅਮ ਕੀਰਤਨ ਸਿਖਿਆ (ਪ੍ਰੋ. ਸੁੰਦਰ ਸਿੰਘ); ਜੀਵਨ ਸਰਲ ਕੀਰਤਨ ਸਿਖਿਆ (ਭਾਈ ਹਰਦੇਵ ਸਿੰਘ ਦੀਵਾਨਾ); ਸੁਰ ਸਿਮਰਨ ਸੰਗੀਤ (ਸੱਤ ਭਾਗ, ਸੰਤ ਸਰਵਣ ਸਿੰਘ ਡੁਮੇਲੀ), ਪੰਜਾਬ ਦੇ ਪ੍ਰਸਿੱਧ ਰਾਗੀ ਅਤੇ ਰਬਾਬੀ, ਭਾਰਤੀ ਸੰਗੀਤ ਪਰੰਪਰਾ ਅਤੇ ਪੰਜਾਬ ਦੇ ਸੰਗੀਤ ਘਰਾਣੇ, ਪੰਜਾਬ ਦੀਆਂ ਪ੍ਰਸਿੱਧ ਬਾਈਆਂ (ਬਲਬੀਰ ਸਿੰਘ ਕੰਵਲ) ਆਦਿ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਗਿਆ ਹੈ।

### ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਅੰਮ੍ਰਿਤਸਰ

ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਅੰਮ੍ਰਿਤਸਰ ਦੇ ਪ੍ਰਮੁੱਖ ਪ੍ਰਕਾਸ਼ਨ ਅਦਾਰਿਆਂ ਵਿੱਚੋ ਇਕ ਹਨ। ਇਸ ਅਦਾਰੇ ਦੀ ਸਥਾਪਨਾ ਭਾਈ ਜਵਾਹਰ ਸਿੰਘ ਨੇ 1925 ਵਿੱਚ ਕੀਤੀ (ਭਾਈ ਕ੍ਰਿਪਾਲ ਸਿੰਘ ਭਾਈ ਜਵਾਹਰ ਸਿੰਘ ਦੇ ਸਪੁੱਤਰ ਸਨ)। ਪਿਛਲੇ ਸਤ ਦਹਾਕਿਆਂ ਤੋਂ ਭਾਈ ਅਰਜਨ ਸਿੰਘ ਇਸ ਸੰਸਥਾ ਦਾ ਸੰਚਾਲਨ ਕਰਦੇ ਆ ਰਹੇ ਹਨ।[3] ਇਸ ਪ੍ਰਕਾਸ਼ਨ ਅਦਾਰੇ ਵਲੋਂ ਹੁਣ ਤੱਕ ਭਿੰਨ-ਭਿੰਨ ਧਰਮਾਂ ਨਾਲ ਸਬੰਧਿਤ ਸਾਹਿਤ ਪ੍ਰਕਾਸ਼ਿਤ ਕੀਤਾ ਜਾ ਚੁਕਿਆ ਹੈ। ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਦ ਛੇਦ ਕਰਨ ਦਾ ਸਿਹਰਾ ਵੀ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਹੁਰਾਂ ਨੂੰ ਜਾਂਦਾ ਹੈ। ਸੰਗੀਤ ਕਲਾ ਨਾਲ ਸਬੰਧਿਤ 5 ਪੁਸਤਕਾਂ ਦਾ ਪ੍ਰਕਾਸ਼ਨ ਵੀ ਇਸ ਅਦਾਰੇ ਵਲੋਂ ਗੁਰਮਤਿ ਸੰਗੀਤ ਦੇ ਸਾਹਿਤ ਅਤੇ ਸਿਧਾਂਤਾਂ ਨੂੰ ਸਾਂਭਣ ਦਾ ਮਹੱਤਵਪੂਰਨ ਉਪਰਾਲਾ ਹੈ ।

**ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ**

ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ ਪੰਜਾਬ ਸਰਕਾਰ ਦਾ ਨਿਜੀ ਅਦਾਰਾ ਸੀ। ਇਸ ਪ੍ਰਕਾਸ਼ਨ ਅਦਾਰੇ ਨੇ ਪੰਜਾਬੀ ਭਾਸ਼ਾਈ ਮੁੱਢਲੀਆਂ ਸੰਗੀਤ ਪ੍ਰਕਾਸ਼ਨਾਵਾਂ ਨੂੰ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ। ਸੰਗੀਤ ਦੇ ਇਕ ਸੁਤੰਤਰ ਵਿਸ਼ੇ ਦੇ ਰੂਪ ਵਿੱਚ ਲਾਗੂ ਹੋਣ ਤੋਂ ਬਾਅਦ ਸੰਗੀਤ ਵਿਸ਼ੇ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਪਾਠਕ੍ਰਮ ਨੂੰ ਧਿਆਨ ਵਿੱਚ ਰੱਖਦੇ ਹੋਏ ਛੇ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਗਿਆ।ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵੱਲੋਂ ਪ੍ਰਕਾਸ਼ਿਤ ਕੀਤੀਆਂ ਸਾਰੀਆਂ ਰਚਨਾਵਾਂ ਮੌਲਿਕਤਾ ਦੀਆਂ ਧਾਰਨੀ ਹਨ।ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵੱਲੋਂ ਪੰਡਿਤ ਹਰੀਸ਼ ਚੰਦਰ ਬਾਲੀ ਦੀ ਕ੍ਰਿਤ ਸੰਗੀਤ ਪ੍ਰਕਾਸ਼, ਚੰਦਰ ਕਾਂਤਾ ਖੋਸਲਾ ਦੀ ਕ੍ਰਿਤ ਸੰਗੀਤ ਗ੍ਰੰਥ ਅਤੇ ਭਾਰਤੀ ਸੰਗੀਤ ਦਾ ਇਤਿਹਾਸ, ਜੀ. ਐਚ ਰਾਨਾਡੇ ਦੀ ਕ੍ਰਿਤ ਦਾ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਬਲਬੀਰ ਸਿੰਘ, ਕੁਲਵੰਤ ਕੌਰ ਰਾਹੀਂ ਹੋਇਆ, ਪ੍ਰੋ. ਤਾਰਾ ਸਿੰਘ ਕ੍ਰਿਤ ਸਿਤਾਰ ਤਰੰਗਣੀ ਆਦਿ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਗਿਆ।ਵਰਤਮਾਨ ਸਮੇਂ ਪੰਜਾਬ ਸਰਕਾਰ ਨੇ ਇਸ ਪ੍ਰਕਾਸ਼ਨ ਅਦਾਰੇ ਨੂੰ ਖਤਮ ਕਰ ਦਿਤਾ ਹੈ। ਇਸ ਪ੍ਰਕਾਸ਼ਨ ਅਦਾਰੇ ਤੋਂ ਪ੍ਰਕਾਸ਼ਿਤ ਮਹੱਤਵਪੂਰਨ ਪੁਸਤਕਾਂ ਦੀਆਂ ਪ੍ਰਤੀਆਂ ਦੀ ਘਾਟ ਹੈ ਜਿਹਨਾਂ ਨੂੰ ਹਾਸਿਲ ਕਰਨ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

**ਪੰਜਾਬੀ ਯੂਨੀਵਰਸਿਟੀ ਪਟਿਆਲਾ**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਪੰਜਾਬ ਦੇ ਐਕਟ ਨੰ. 35 ਦੇ ਤਹਿਤ ਹੋਈ, ਇਸ ਐਕਟ ਦਾ ਮੂਲ ਮੰਤਵ ਪੰਜਾਬੀ ਭਾਸ਼ਾ,ਪੰਜਾਬੀ ਅਧਿਐਨ ਦੀ ਉੱਨਤੀ ਲਈ ਅਤੇ 'ਸਿੱਖਿਆ ਅਤੇ ਦੀਖਿਆ' ਨੂੰ ਮਾਧਿਅਮ ਦੇ ਤੌਰ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਜਾਂ ਹੋਰ ਮਾਨਵਕੀ ਅਤੇ ਵਿਗਿਆਨਿਕ ਵਿਸ਼ਿਆਂ ਦੀ ਸਿੱਖਿਆ ਅਤੇ ਖੋਜ ਦੀ ਉੱਨਤੀ ਲਈ ਇਕ ਯੂਨੀਵਰਸਿਟੀ ਸਥਾਪਿਤ ਅਤੇ ਨਿਗਮਤ ਕਰਨ ਲਈ ਪੰਜਾਬ ਦਾ ਐਕਟ ਨੰ. 35 ਪਾਸ ਹੋਇਆ ਜਿਸ ਨੂੰ ਪੰਜਾਬੀ ਯੂਨੀਵਰਸਿਟੀ 1961 ਦਾ ਨਾਮ ਦਿਤਾ ਗਿਆ । 30 ਅਪ੍ਰੈਲ 1962 ਨੂੰ ਇਸ ਐਕਟ ਅਧੀਨ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੋਈ[4]। ਪੰਜਾਬੀ ਯੂਨੀਵਰਸਿਟੀ ਦੁਆਰਾ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਰੰਭੇ ਯਤਨਾਂ ਅਧੀਨ ਪੰਜਾਬੀ ਭਾਸ਼ਾ ਵਿਭਾਗ ਦੀ ਸਥਾਪਨਾ ਕੀਤੀ ਗਈ। 1961 ਦੇ ਐਕਟ 35 ਅਧੀਨ ਇਹ ਸਹਿਮਤੀ ਹੋਈ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਸਿੱਖਿਆ ਦਾ ਮਾਧਿਅਮ ਪੰਜਾਬੀ ਭਾਸ਼ਾ ਹੀ ਹੋਵੇਗਾ[5]। ਇਸ ਮੰਤਵ ਦੀ ਪੂਰਤੀ ਲਈ ਪੰਜਾਬੀ ਯੂਨੀਵਰਸਿਟੀ ਨੇ ਧਰਮ, ਫਿਲਾਸਫੀ, ਵਿਗਿਆਨ ਅਤੇ ਕਲਾਵਾਂ ਨਾਲ ਸਬੰਧਿਤ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਵਾਇਆ। ਪੰਜਾਬੀ ਯੂਨੀਵਰਸਿਟੀ ਦੇ ਅਨੇਕ ਵਿਦਵਾਨਾਂ ਨੇ ਵੀ ਪੰਜਾਬੀ ਭਾਸ਼ਾਈ ਪ੍ਰਕਾਸ਼ਨਾਵਾਂ ਵਿੱਚ ਵਡਮੁੱਲੀ ਸੇਵਾ ਕੀਤੀ ਅਤੇ ਜੇਕਰ ਇਹ ਕਹਿ ਦਿੱਤਾ ਜਾਵੇ ਕਿ ਭਾਰਤ ਦੀਆਂ ਸਾਰੀਆਂ ਯੂਨੀਵਰਸਿਟੀਆਂ ਤੋਂ ਵੱਧ ਮਾਂ ਬੋਲੀ, ਵਿਗਿਆਨ, ਇਤਿਹਾਸ, ਖੋਜ, ਸਵੈ-ਜੀਵਨੀਆਂ, ਜੀਵਨੀਆਂ, ਵਿਆਖਿਆ, ਟੀਕੇ ਅਤੇ ਕੋਸ਼ ਗ੍ਰੰਥ ਲਿਖਣ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਸੰਗੀਤ ਵਿਸ਼ੇ ਦੀਆਂ ਪ੍ਰਕਾਸ਼ਨਾਵਾਂ ਵਿੱਚ ਵੀ ਹੋਰ ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਨੇ ਆਪਣੀ ਮਾਤ ਭਾਸ਼ਾ ਵਿੱਚ ਇਸ ਪੱਧਰ ਤੱਕ ਪ੍ਰਕਾਸ਼ਨ ਕਰਾਉਣ ਦਾ ਹੌਸਲਾ ਨਹੀਂ ਕੀਤਾ ਜਦਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਹੁਣ ਤੱਕ ਇਸ ਵਿਸ਼ੇ ਦੀਆਂ 51 ਪੁਸਤਕਾਂ (ਸੰਗੀਤ ਕੌਮੁਦੀ (ਅਨੁਵਾਦਿਤ); ਵਾਦਨ ਕਲਾ (ਪ੍ਰੋ. ਤਾਰਾ ਸਿੰਘ, ਸ਼੍ਰੀਮਤੀ ਸੁਰਜੀਤ ਕੌਰ); ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ, (ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਰਾਗੀ); ਸ਼੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ; ਗੁਰੂ ਰਾਮਦਾਸ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ); ਗੁਰੂ ਅਰਜਨ ਦੇਵ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ); ਗੁਰੂ ਤੇਗ ਬਹਾਦਰ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ); ਗੁਰਮਤਿ ਸੰਗੀਤ ਪਰਬੰਧ ਅਤੇ ਪਾਸਾਰ (ਡਾ. ਗੁਰਨਾਮ ਸਿੰਘ); ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਲੋਕ ਸੰਗੀਤਕ ਤੱਤ (ਗੁਰਪ੍ਰਤਾਪ ਸਿੰਘ ਗਿੱਲ); ਗੁਰਮਤਿ ਸੰਗੀਤ ਵਿਭਿੰਨ ਪਰਿਪੇਖ (ਡਾ. ਗੁਰਨਾਮ ਸਿੰਘ); ਗੁਰਮਤਿ ਸੰਗੀਤ ਦੇ ਅਨਮੋਲ ਰਤਨ (ਪਦਮ ਸ਼੍ਰੀ ਭਾਈ ਨਿਰਮਲ ਸਿੰਘ); ਵਾਦਨ ਸਾਗਰ (ਕੰਵਰ ਮ੍ਰਿਗੇਂਦਰ ਸਿੰਘ); ਸੰਗੀਤ ਨਿਬੰਧ (ਡਾ. ਵਿਨੈ ਕੁਮਾਰ ਅਗਰਵਾਲ); ਸੰਗੀਤ ਸ਼ਾਸਤਰ (ਮਹੇਸ਼ ਨਰਾਇਣ ਸਕਸੇਨਾ-ਅਨੁਵਾਦਕ ਪ੍ਰੋ.ਤਾਰਾ ਸਿੰਘ); ਸੰਗੀਤ ਸਿਧਾਂਤ ਅਤੇ ਸੁਹਜ ਸ਼ਾਸਤਰ (ਡਾ. ਦਰਸ਼ਨ ਸਿੰਘ ਨਰੂਲਾ); ਸੰਗੀਤ ਰਤਨਾਵਲੀ (ਸ਼੍ਰੀਮਤੀ ਸੁਰਿੰਦਰ ਕਪਿਲਾ); ਪੰਜਾਬੀ ਸੰਗੀਤਕਾਰ (ਡਾ. ਗੁਰਨਾਮ ਸਿੰਘ); ਗਾਇਨ ਕਲਾ (ਸ਼੍ਰੀਮਤੀ ਦਵਿੰਦਰ ਕੌਰ); ਸੰਗੀਤ ਨਿਬੰਧਾਵਲੀ (ਡਾ. ਗੁਰਨਾਮ ਸਿੰਘ); ਵਾਦਨ ਪਰਬੀਨ (ਪ੍ਰਿੰਸੀਪਲ ਸਮਸ਼ੇਰ ਸਿੰਘ ਕਰੀਰ); ਤਬਲਾ ਵਾਦਨ (ਸ੍ਰ. ਸੋਹਣ ਸਿੰਘ, ਗੁਰਦੀਪ ਸਿੰਘ, ਰਣਜੀਤ ਸਿੰਘ ਅਤੇ ਸ਼੍ਰੀ ਮਨਮੋਹਨ ਸ਼ਰਮਾ); ਸੰਗੀਤ ਸ਼ਾਸਤਰ ਵਿਵੇਚਨ (ਡਾ. ਸ਼ੰਕਰ ਲਾਲ ਮਿਸ਼ਰਾ); ਸੰਗੀਤ ਸ਼ਾਸਤਰ ਤੇ ਗਾਇਨ ਵਿਧੀ (ਸ਼੍ਰੀ ਅਨਿਲ ਨਰੂਲਾ, ਸ੍ਰ ਗੁਰਪ੍ਰਤਾਪ ਸਿੰਘ ਗਿੱਲ ਅਤੇ ਸ਼੍ਰੀਮਤੀ ਦਵਿੰਦਰ ਕੌਰ); ਸੰਗੀਤ ਬੰਦਸ਼ਾਵਲੀ

(ਡਾ. ਗੁਰਨਾਮ ਸਿੰਘ); ਰਾਗਾਂ ਦਾ ਵਿਕਾਸ ਅਤੇ ਵਿਵੇਚਨਾਤਮਕ ਅਧਿਐਨ (ਸ਼੍ਰੀ ਅਨਿਲ ਨਰੂਲਾ); ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਸ਼ਾਂ (ਡਾ. ਗੁਰਨਾਮ ਸਿੰਘ); ਗਾਇਨ ਕਲਾ (ਡਾ. ਯਸ਼ਪਾਲ ਸ਼ਰਮਾ); ਪੰਜਾਬ ਵਿੱਚ ਸੰਗੀਤ ਕਲਾ ਦਾ ਨਿਕਾਸ ਅਤੇ ਵਿਕਾਸ (ਪੰਨਾ ਲਾਲ ਮਦਾਨ); ਭਾਰਤੀ ਸੰਗੀਤ ਦਾ ਇਤਿਹਾਸ (ਯੋਗੇਂਦਰਪਾਲ ਸ਼ਰਮਾ, ਸ੍ਰ. ਬਚਿੱਤਰ ਸਿੰਘ); ਵਾਦਨ ਰਚਨਾ ਸਾਗਰ (ਪ੍ਰਿੰਸੀਪਲ ਸਮਸ਼ੇਰ ਸਿੰਘ ਕਰੀਰ); ਵਾਦਨ ਪ੍ਰਕਾਸ਼ (ਪ੍ਰਿੰਸੀਪਲ ਸਮਸ਼ੇਰ ਸਿੰਘ ਕਰੀਰ); ਪੰਜਾਬ ਦੀਆਂ ਲੋਕ ਧੁਨਾਂ (ਸ੍ਰ. ਗੁਰਪ੍ਰਤਾਪ ਸਿੰਘ ਗਿੱਲ); ਪੰਜਾਬ ਦੇ ਲੋਕ ਸਾਜ (ਸ਼੍ਰੀ ਅਨਿਲ ਨਰੂਲਾ); ਪੰਜਾਬੀ ਲੋਕ ਸੰਗੀਤ ਵਿਰਾਸਤ (ਡਾ. ਗੁਰਨਾਮ ਸਿੰਘ); ਦਾ ਪ੍ਰਕਾਸ਼ਨ ਕਰਵਾਇਆ ਹੈ।[6] ਵਰਤਮਾਨ ਸਮੇਂ ਸੰਗੀਤ ਖੇਤਰ ਨਾਲ ਸਬੰਧਿਤ ਹਰ ਵਿਸ਼ੇ ਉੱਪਰ ਵਿਦਵਾਨਾਂ ਦੀ ਕਲਾ, ਵਿਚਾਰ, ਸ਼ਾਸ਼ਤਰ ਨਾਲ ਸਬੰਧਿਤ ਜਾਣਕਾਰੀ ਪੁਸਤਕਾਂ ਦੇ ਰੂਪ ਵਿੱਚ ਵਿਦਮਾਨ ਹੈ।ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪਿੱਛਲੇ ਸਮੇਂ ਨਾਟਿਅ-ਸ਼ਾਸਤਰ ਦਾ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਵਾਇਆ ਜੋ ਸੰਗੀਤ ਪਾਠਕਾਂ ਲਈ ਵਰਦਾਨ ਸਾਬਤ ਹੋਇਆ।

**ਵਿਸਮਾਦੁ ਨਾਦੁ**

ਗੁਰਦੁਆਰਾ ਗੁਰ ਗਿਆਨ ਪ੍ਰਕਾਸ ਜਵੱਦੀ ਕਲਾਂ, ਲੁਧਿਆਣਾ ਅਧੀਨ ਕਾਰਜਰਤ ਵਿਸਮਾਦ ਨਾਦ ਗੁਰਮਤਿ ਸੰਗੀਤ ਦੇ ਪ੍ਰਕਾਸ਼ਨ ਅਦਾਰਿਆਂ ਵਿੱਚ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ। ਗੁਰਦੁਆਰਾ ਗੁਰ ਗਿਆਨ ਪ੍ਰਕਾਸ ਜਵੱਦੀ ਕਲਾਂ ਗੁਰਮਤਿ ਸੰਗੀਤ ਦੀ ਸੰਸਥਾਗਤ ਸਿਖਿਆ ਦੀ ਪ੍ਰਾਚੀਨ ਟਕਸਾਲ ਹੈ ਜਿਸ ਦੀ ਅਰੰਭਤਾ ਬਾਬਾ ਸੁੱਚਾ ਸਿੰਘ ਦੁਆਰਾ ਕੀਤੀ ਗਈ। ਵਰਤਮਾਨ ਸਮੇਂ ਪ੍ਰਿੰਸੀਪਲ ਸੁਖਵੰਤ ਸਿੰਘ ਅਤੇ ਸ. ਜਸਪਾਲ ਸਿੰਘ ਹੁਰੀ ਇਸ ਪਰੰਪਰਾ ਦੀ ਪ੍ਰਤੀਨਿਧਤਾ ਕਰਦੇ ਆ ਰਹੇ ਹਨ। ਕਈ ਉੱਚ-ਕੋਟੀ ਦੇ ਰਾਗੀ ਸਿੰਘ ਇਸੇ ਟਕਸਾਲ ਦੀ ਦੇਣ ਹਨ। ਜਵੱਦੀ ਟਕਸਾਲ ਆਰੰਭ ਤੋਂ ਹੀ ਗੁਰਮਤਿ ਸੰਗੀਤ ਦੇ ਸਿਧਾਂਤਕ ਪੱਖ ਨੂੰ ਸਾਂਭਣ ਲਈ ਯਤਨਸ਼ੀਲ ਹੈ।ਜਵੱਦੀ ਟਕਸਾਲ ਦੀ ਰਾਗ ਨਿਰਧਾਰਤ ਕਮੇਟੀ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚਲੇ ਰਾਗਾਂ ਦਾ ਸਰੂਪ ਸਪਸ਼ਟ ਕਰਕੇ, ਇਨ੍ਹਾਂ ਰਾਗਾਂ ਦੇ ਸਰੂਪ ਨੂੰ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਕਰਨਾ, ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਅਤੇ ਜਗਿਆਸੂਆਂ ਲਈ ਅਣਮੋਲ ਸਾਬਤ ਹੋਇਆ। ਇਸ ਸੰਸਥਾ ਵਲੋਂ ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਭਾਗ ਪਹਿਲਾ, ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਭਾਗ ਦੂਜਾ (ਲੇਖਕ ਪ੍ਰਿੰਸੀਪਲ ਸੁਖਵੰਤ ਸਿੰਘ), ਧੰਨ ਸੁ ਰਾਗ ਸੁਰੰਗੜੇ (ਡਾ. ਜਸਬੀਰ ਕੌਰ); ਗਉੜੀ ਰਾਗ ਸੁਲੱਖਣੀ (ਪ੍ਰਿੰਸੀਪਲ ਸਮਸ਼ੇਰ ਸਿੰਘ ਕਰੀਰ) ਆਦਿ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਚੁੱਕਿਆ ਹੈ। ਇਸਦੇ ਨਾਲ 'ਵਿਸਮਾਦ ਨਾਦ' ਨਾਮੀ ਪਤ੍ਰਿਕਾ ਵੀ ਗੁਰਦੁਆਰਾ ਗੁਰ ਗਿਆਨ ਪ੍ਰਕਾਸ ਜਵੱਦੀ ਕਲਾਂ, ਲੁਧਿਆਣਾ ਵਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਪ੍ਰਿੰਸੀਪਲ ਸੁਖਵੰਤ ਸਿੰਘ ਵੱਲੋਂ ਗੁਰ ਸ਼ਬਦ ਸੰਗੀਤ, ਸੁਰ ਅਭਿਆਸ ਲਈ ਅਲੰਕਾਰ, ਗੁਰਮਤਿ ਸੰਗੀਤ ਆਧੁਨਿਕ ਪਰਿਪੇਖ ਆਦਿ ਪੁਸਤਕਾਂ ਸੰਗੀਤ ਪਾਠਕਾਂ ਦੀ ਝੋਲੀ ਵਿੱਚ ਪਾਈਆਂ

**ਅੰਮ੍ਰਿਤ ਕੀਰਤਨ ਟਰੱਸਟ, ਚੰਡੀਗੜ੍ਹ**

ਅੰਮ੍ਰਿਤ ਕੀਰਤਨ ਟਰੱਸਟ, ਚੰਡੀਗੜ੍ਹ ਦੇ ਸੰਚਾਲਕ ਡਾ. ਜਾਗੀਰ ਸਿੰਘ ਹਨ। ਅੰਮ੍ਰਿਤ ਕੀਰਤਨ ਟਰੱਸਟ ਵੱਲੋਂ 'ਅੰਮ੍ਰਿਤ ਕੀਰਤਨ' ਨਾਮੀ ਮਾਸਿਕ ਪਤ੍ਰਿਕਾ ਦਾ ਪ੍ਰਕਾਸ਼ਨ ਕੀਤਾ ਜਾਂਦਾ ਹੈ। 'ਅੰਮ੍ਰਿਤ ਕੀਰਤਨ' ਪੰਜਾਬੀ ਭਾਸ਼ਾਈ ਸੰਗੀਤ ਪਤ੍ਰਿਕਾਵਾਂ ਦੀ ਅਜਿਹੀ ਮਾਸਿਕ ਪਤ੍ਰਿਕਾ ਹੈ ਜੋ ਵੀਹਵੀਂ ਸਦੀ ਦੇ ਸਤਵੇਂ ਦਹਾਕੇ ਤੋਂ ਨਿਰੰਤਰ ਪ੍ਰਕਾਸ਼ਿਤ ਹੁੰਦਾ ਆ ਰਿਹਾ ਹੈ ਜਿਸ ਵਿੱਚ ਸੰਗੀਤ ਖੇਤਰ ਦੇ ਵਿਦਵਾਨ ਲੇਖਕਾਂ ਦੇ ਵਿਚਾਰਾਂ ਅਤੇ ਖੋਜ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਅੰਮ੍ਰਿਤ ਕੀਰਤਨ ਟਰੱਸ਼ਟ ਵਲੋਂ 1995 ਵਿੱਚ ਪ੍ਰੋਫੈਸਰ ਤਾਰਾ ਸਿੰਘ ਕ੍ਰਿਤ ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ ਪੁਸਤਕ ਦਾ ਪ੍ਰਕਾਸ਼ਨ ਵੀ ਕੀਤਾ ਗਿਆ।[7]

**ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ**

ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਦੀ ਸਥਾਪਨਾ ਗੁਰਮਤਿ ਸਾਹਿਤ ਅਤੇ ਸੰਗੀਤ ਨੂੰ ਪ੍ਰਚਾਰਿਤ ਕਰਨ ਹਿੱਤ ਕੀਤੀ ਗਈ ਜਿਸਦਾ ਮੂਲ ਮੰਤਵ ਗੁਰਬਾਣੀ ਸਾਹਿਤ ਅਤੇ ਸੰਗੀਤ ਨੂੰ ਪ੍ਰਚਾਰਿਤ ਕਰਨ ਹਿੱਤ ਵਿਦਵਾਨ ਕੀਰਤਨਕਾਰ ਅਤੇ ਵਿਦਵਾਨ ਕਥਾਵਾਚਕ ਪੈਦਾ ਕਰਨਾ ਹੈ। ਅਜਿਹੀ ਪੂਰਤੀ ਲਈ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਵਿਖੇ ਗੁਰਮਤਿ ਸੰਗੀਤ ਅਤੇ ਗੁਰਮਤਿ ਗਿਆਨ ਦੇ ਭਿੰਨ-ਭਿੰਨ ਕੋਰਸ ਚਲਾਏ ਜਾ ਰਹੇ ਹਨ। ਇਸ ਸੰਸਥਾ ਵਿਖੇ ਗੁਰਮਤਿ ਸੰਗੀਤ ਦਾ ਵਿਸੇਸ਼ ਕੋਰਸ ਵੀ ਕਰਵਾਇਆ ਜਾਂਦਾ ਹੈ ਜਿਸਦੇ ਪਾਠਕ੍ਰਮ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਠਕ੍ਰਮ ਦੀਆਂ ਦਸ ਤਿਮਾਹੀਆਂ ਨਾਲ ਸਬੰਧਿਤ ਦਸ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਸਿੱਖ ਮਿਸ਼ਨਰੀ ਕਾਲਜ ਨਾਮੀ ਪ੍ਰਕਾਸ਼ਨ ਅਦਾਰੇ ਵਲੋਂ ਸ਼ਬਦ ਅਨਾਹਦ (ਗੁਰਮਤਿ ਸੰਗੀਤ, ਪ੍ਰੋ. ਕੰਵਲਜੀਤ ਸਿੰਘ, ਪ੍ਰੋ. ਤੇਜਿੰਦਰ ਸਿੰਘ); ਰਾਗ ਨਾਦ (ਗੁਰਮਤਿ ਸੰਗੀਤ, ਸ. ਜਗਜੀਤ ਸਿੰਘ ਕੋਹਾੜਕਾ); ਵਿਸਮਾਦੀ ਸੰਗੀਤ (ਸ. ਜਗਜੀਤ ਸਿੰਘ ਕੋਹਾੜਕਾ) ਸ਼ਬਦ ਸੁਰ ਸਾਂਝ (ਸ.

ਜਗਜੀਤ ਸਿੰਘ ਕੋਹਾੜਕਾ); ਨਿਰਮਲ ਨਾਦ (ਸ. ਜਗਜੀਤ ਸਿੰਘ ਕੋਹਾੜਕਾ); ਰੰਗਲੇ ਰਾਗ ਗੁਰਮਤਿ ਸੰਗੀਤ (ਸ. ਜਗਜੀਤ ਸਿੰਘ ਕੋਹਾੜਕਾ); ਗੁਰਮਤਿ ਸੰਗੀਤ ਪ੍ਰਕਾਸ਼ (ਪ੍ਰੋ. ਤੇਜਿੰਦਰ ਸਿੰਘ); ਰਾਗ ਅਤੇ ਰਸ (ਪ੍ਰੋ. ਤੇਜਿੰਦਰ ਸਿੰਘ, ਜਗਜੀਤ ਸਿੰਘ) ਅਤੇ ਨਮੋ ਗੀਤ ਗੀਤੇ (ਹਰਦੀਪ ਕੌਰ) ਨਾਮਕ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਚੁਕਿਆ ਹੈ। ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਪੰਜਾਬ ਪ੍ਰਾਂਤ ਦੀ ਨਾਮਵਰ ਸੰਸਥਾ ਹੈ ਜਿਥੇ ਹਰ ਸਮੇਂ ਸੰਗੀਤ ਦਾ ਪ੍ਰਵਾਹ ਚਲਦਾ ਰਹਿੰਦਾ ਹੈ ਜਿਸ ਵਿੱਚ ਸੰਗੀਤ ਖੇਤਰ ਦੇ ਨਾਮਵਰ ਕਲਾਕਾਰ ਸ਼ਮੂਲੀਅਤ ਕਰਦੇ ਹਨ, ਅਜਿਹੀ ਸਥਿਤੀ ਵਿੱਚ ਇਸ ਪ੍ਰਕਾਸ਼ਨ ਅਦਾਰੇ ਵਲੋਂ ਸੰਗੀਤ ਦੀਆਂ ਮੌਲਿਕ ਪੁਸਤਕਾਂ ਦੇ ਪ੍ਰਕਾਸ਼ਨ ਦੀ ਘਾਟ ਰੜਕਦੀ ਹੈ। ਜਦਕਿ ਅਜਿਹੇ ਵਿਦਵਾਨ ਲੇਖਕਾਂ ਦੇ ਗਿਆਨ ਨੂੰ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਨਾ ਵੀ ਸਿਧਾਂਤਕ ਪੱਖ ਦੀ ਸਾਂਭ ਸੰਭਾਲ ਲਈ ਵਿਕਾਸਸ਼ੀਲ ਕਦਮ ਹੋਵੇਗਾ।

**ਸਵਰ-ਸਮੁੰਦ, ਲੁਧਿਆਣਾ**

ਸਵਰ-ਸਮੁੰਦ ਸੰਸਥਾ ਦੇ ਡਾਇਰੈਕਟਰ ਪ੍ਰੋ. ਪਰਮਜੋਤ ਸਿੰਘ ਹਨ। ਸਵਰ-ਸਮੁੰਦ ਸੰਸਥਾ ਦਾ ਨਾਮ ਗੁਰਮਤਿ ਸੰਗੀਤ ਦੀ ਮਹਾਨ ਸਖਸ਼ੀਅਤ ਰਾਗੀ 'ਭਾਈ ਸਮੁੰਦ ਸਿੰਘ' ਦੇ ਨਾਮ ਤੇ ਰੱਖਿਆ ਗਿਆ ਹੈ। ਸਵਰ ਸਮੁੰਦ ਸੰਸਥਾ ਦੀ ਸਥਪਨਾ ਦਾ ਮੂਲ ਮੰਤਵ ਗੁਰਮਤਿ ਸੰਗੀਤ ਅਤੇ ਸਾਹਿਤ ਦਾ ਪ੍ਰਚਾਰ ਕਰਨਾ ਹੈ। ਇਸ ਸੰਸਥਾ ਵਿੱਚ ਗੁਰਮਤਿ ਸੰਗੀਤ ਦੀ ਕਿਰਿਆਤਮਕ ਸਿਖਲਾਈ ਵੀ ਦਿਤੀ ਜਾਂਦੀ ਹੈ। ਸਵਰ ਸਮੁੰਦ ਵਲੋਂ ਸੁਰ ਇੰਦ੍ਰਾਵਲੀ (ਸ਼ਬਦ ਰੀਤ ਰਤਨਾਵਲੀ, ਪ੍ਰਭਜੋਤ ਕੌਰ ਸਵਰ ਸਮੁੰਦ); ਹਰਿ ਕੀਰਤਨ ਮਹਿ ਉੱਤਮ ਧੁਨਾਂ (ਪ੍ਰੋ. ਪਰਮਜੋਤ ਸਿੰਘ ਸਵਰ ਸਮੁੰਦ) ਨਾਮੀ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਚੁੱਕਿਆ ਹੈ।

**ਗੁਰੂ ਨਾਨਕ ਵਿਦਿਆ ਭੰਡਾਰ, ਨਵੀਂ ਦਿੱਲੀ**

ਗੁਰੂ ਨਾਨਕ ਵਿਦਿਆ ਭੰਡਾਰ ਪ੍ਰਕਾਸ਼ਨ ਅਦਾਰਾ ਨਵੀਂ ਦਿੱਲੀ ਵਿਖੇ ਸਥਿਤ ਹੈ।ਇਸ ਅਦਾਰੇ ਦੇ ਸੰਸਥਾਪਕ ਪ੍ਰਿੰਸੀਪਲ ਦਿਆਲ ਸਿੰਘ ਹਨ ਜੋਕਿ ਗੁਰਮਤਿ ਸੰਗੀਤ ਖੇਤਰ ਦੇ ਉੱਘੇ ਵਿਦਵਾਨ ਹਨ। ਗੁਰਮਤਿ ਵਿਦਿਆਲਾ ਨਵੀਂ ਦਿੱਲੀ 1930 ਤੋਂ ਗੁਰਬਾਣੀ ਸਿਖਾਂਦਰੂਆਂ ਨੂੰ ਕੀਰਤਨ ਦੀ ਸਿਖਲਾਈ ਪ੍ਰਦਾਨ ਕਰਦਾ ਆ ਰਿਹਾ ਹੈ। ਇਸ ਪ੍ਰਕਾਸ਼ਨ ਅਦਾਰੇ ਵਲੋਂ ਹੁਣ ਤੱਕ 4 ਪੁਸਤਕਾਂ (ਗੁਰਮਤ ਸੰਗੀਤ ਸਾਗਰ, ਗੁਰਮਤਿ ਸੰਗੀਤ ਸਿੱਖਿਆ, ਗੁਰਮਤਿ ਸੰਗੀਤ ਸਾਗਰ ਆਦਿ) ਦਾ ਪ੍ਰਕਾਸ਼ਨ ਕੀਤਾ ਜਾ ਚੁੱਕਿਆ ਹੈ।

**ਗੁਰਮਤਿ ਪ੍ਰਕਾਸ਼ਨ ਪਟਿਆਲਾ**

ਗੁਰਮਤਿ ਪ੍ਰਕਾਸ਼ਨ ਪਟਿਆਲਾ ਦੀ ਸਥਾਪਨਾ 2006 ਵਿੱਚ ਹੋਈ। ਗੁਰਮਤਿ ਪ੍ਰਕਾਸ਼ਨ ਵਲੋਂ ਹੁਣ ਤੱਕ ਸੰਗੀਤ ਦੀਆਂ 13 ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਚੁੱਕਿਆ ਹੈ ਜਿਹਨਾਂ ਵਿੱਚੋਂ ਗੁਰੂ ਨਾਨਕ ਦੇਵ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ); ਗੁਰੂ ਅਮਰਦਾਸ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ); ਭਗਤ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ); ਪੜਤਾਲ ਗਾਇਕੀ (ਪ੍ਰੋ. ਤਾਰਾ ਸਿੰਘ); ਸ਼ਬਦ ਕੀਰਤਨ ਰਾਗ ਰਚਨਾਵਲੀ (ਭਾਈ ਦਿਆਲ ਸਿੰਘ); ਗੁਰੂ ਅਰਜਨ ਬਾਣੀ ਰਾਗ ਰਤਨਾਕਰ (ਡਾ. ਗੁਰਨਾਮ ਸਿੰਘ); ਗੁਰਸ਼ਬਦ ਰਾਗ ਰਤਨਾਕਰ (ਡਾ. ਗੁਰਨਾਮ ਸਿੰਘ); ਗੁਰਮਤਿ ਸੰਗੀਤ ਕੀਰਤਨੀ ਆਸਾ ਦੀ ਵਾਰ (ਡਾ. ਕੰਵਲਜੀਤ ਸਿੰਘ); ਗੁਰਮਤਿ ਸੰਗੀਤ: ਪੜਤਾਲ ਸ਼ਬਦ ਗਾਇਨ (ਡਾ. ਕੰਵਲਜੀਤ ਸਿੰਘ, ਸਵਰਲੀਨ); ਸਿੱਖ ਮਿਉਜਿਕੋਲੋਜੀ (ਡਾ. ਗੁਰਨਾਮ ਸਿੰਘ); ਸਿੱਖ ਸੈਕਰਡ ਮਿਊਜਿਕ (ਡਾ. ਗੁਰਨਾਮ ਸਿੰਘ); ਆਦਿ ਪੁਸਤਕਾਂ ਪ੍ਰਮੁੱਖ ਹਨ। ਅੱਜ ਕਲ ਗੁਰਮਤਿ ਪ੍ਰਕਾਸ਼ਨ ਗ੍ਰੇਸੀਅਸ ਬੁੱਕਸ ਅਧੀਨ ਪੰਜਾਬੀ ਯੂਨੀਵਰਸਿਟੀ ਦੇ ਸਾਹਮਣੇ ਸਥਿਤ ਹੈ।[8] ਪੰਜਾਬੀ ਭਾਸ਼ਾਈ ਸੰਗੀਤ ਪੁਸਤਕਾਂ ਦੇ ਪ੍ਰਕਾਸ਼ਨ ਵਿੱਚ ਗੁਰਮਤਿ ਪ੍ਰਕਾਸ਼ਨ ਮਹੱਤਵਪੂਰਨ ਸਥਾਨ ਰੱਖਦਾ ਹੈ।

ਆਰੰਭ ਵਿਚ ਭਾਵੇਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਦੇ ਕੁਝ ਕੁ ਪ੍ਰਕਾਸ਼ਕਾਂ ਨੇ ਲੇਖਕਾਂ ਦੀਆਂ ਰਚਨਾਵਾਂ ਨੂੰ ਕਿਤਾਬਾਂ ਦਾ ਰੂਪ ਦਿੱਤਾ ਪ੍ਰੰਤੂ ਵਰਤਮਾਨ ਸਮੇਂ ਬਹੁ-ਗਿਣਤੀ ਪ੍ਰਕਾਸ਼ਕ ਪੰਜਾਬੀ ਭਾਸ਼ਾਈ ਸੰਗੀਤ ਪੁਸਤਕਾਂ ਦਾ ਪ੍ਰਕਾਸ਼ਨ ਕਰ ਰਹੇ ਹਨ ਜਿਹਨਾਂ ਵਿੱਚੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਲਿਟਰੇਚਰ ਹਾਊਸ, ਪੁਤਲੀ ਘਰ ਅੰਮ੍ਰਿਤਸਰ; ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ; ਪੰਜਾਬੀ ਰਾਈਟਰਜ ਕੋ-ਆਪਰੇਟਿਵ ਇੰਡਸਟਰੀਅਲ ਸੁਸਾਇਟੀ ਲਿਮਟਿਡ ਦਿੱਲੀ, ਸੇਧ ਪ੍ਰਕਾਸ਼ਨ, ਦਿਲੀ; ਲੋਕ ਪ੍ਰਕਾਸਨ, ਦਿਲੀ; ਗੁਰੂ ਨਾਨਕ ਸਿੱਖ ਸਟੱਡੀਜ, ਚੰਡੀਗੜ੍ਹ; ਪੰਜਾਬੀ ਵਿਉਂਤ ਵਿਕਾਸ ਵਿਭਾਗ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ; ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ; ਮਦਾਨ ਪਬਲਿਸ਼ਰ, ਪਟਿਆਲਾ; ਸੰਗੀਤ ਪ੍ਰਕਾਸ਼ਨ, ਪਟਿਆਲਾ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ, ਸੰਗਮ ਪਬਲੀਕੇਸ਼ਨ ਸਮਾਣਾ ਅਤੇ ਸੇਧ ਪ੍ਰਕਾਸਨ ਪਟਿਆਲਾ ਆਦਿ ਦੇ ਨਾਮ ਵਿਸੇਸ ਰੂਪ ਵਿੱਚ ਵਰਣਯੋਗ ਹਨ।ਇਹਨਾਂ ਪ੍ਰਕਾਸ਼ਨ ਅਦਾਰਿਆਂ ਵੱਲੋਂ ਕੀਤਾ ਜਾ ਰਿਹਾ ਕਾਰਜ ਸਰਾਹੁਣਯੋਗ ਹੈ। ਇਸ ਵਿੱਚ ਕੋਈ ਸ਼ੱਕ ਵੀ ਨਹੀਂ ਕਿ ਪੰਜਾਬੀ ਭਾਸ਼ਾਈ ਸੰਗੀਤ ਪੁਸਤਕਾਂ ਦੀ ਵਿਕਰੀ

ਹੋਰਨਾਂ ਵਿਸ਼ਿਆਂ ਦੀ ਤਰ੍ਹਾਂ ਬਹੁਤਾਤ ਵਿੱਚ ਨਹੀਂ, ਬਾਵਜੂਦ ਇਸਦੇ ਇਹਨਾਂ ਪੁਸਤਕਾਂ ਦੇ ਪ੍ਰਕਾਸ਼ਨ ਲਈ ਇਹਨਾਂ ਪ੍ਰਕਾਸ਼ਨ ਅਦਾਰਿਆਂ ਨੂੰ ਨਮਨ ਹੈ। ਇਸ ਦੇ ਨਾਲ ਨਾਲ ਇਹ ਤੱਥ ਵੀ ਧਿਆਨ ਰੱਖਣਯੋਗ ਹਨ ਕਿ ਸੰਗੀਤ ਕਲਾ ਨਾਲ ਸੰਬੰਧਿਤ ਵਿਭਿੰਨ ਭਾਸ਼ਾਈ ਪੁਸਤਕਾਂ ਦਾ ਖੇਤਰ ਅਜੋਕੇ ਯੁੱਗ ਵਿਚ ਕਾਫੀ ਵਿਸਥਾਰਮਈ ਹੈ ਅਤੇ ਲੋੜ ਹੈ ਇਹਨਾਂ ਪੁਸਤਕਾਂ ਦੇ ਸਮੁੱਚੇ ਅਧਿਐਨ ਉਪਰੰਤ ਇਹਨਾ ਵਿਚਲੀ ਸਮਗਰੀ ਦੇ ਵਿਸ਼ਲੇਸਣ, ਪੜਚੋਲ ਅਤੇ ਅਲੋਚਨਾਤਮਕ ਕਾਰਜ ਦੀ, ਇਹੀ ਲੋੜ ਇਸ ਖੋਜ ਪੱਤਰ ਤੇ ਕਾਰਜ ਕਰਦਿਆਂ ਮੂਲ ਪ੍ਰੇਰਣਾ ਵਜੋ ਉਭਰੀ ਹੈ ਜਿਸ ਉੱਪਰ ਕਾਰਜ ਆਰੰਭਿਆ ਜਾਵੇਗਾ।

**ਸੰਦਰਭ:**

---

[1] ਨਿੱਜੀ ਮੁਲਾਕਾਤ, ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ ਸਾਹਿਬ, ਸਥਾਨ ਅੰਮ੍ਰਿਤਸਰ, ਮਿਤੀ 25 ਸਤੰਬਰ 2022
[2] ਨਿੱਜੀ ਮੁਲਾਕਾਤ, ਸੰਚਾਲਕ, ਭਾਈ ਚਤਰ ਸਿੰਘ ਜੀਵਨ ਸਿੰਘ, ਸਥਾਨ ਅੰਮ੍ਰਿਤਸਰ, ਮਿਤੀ 25 ਸਤੰਬਰ 2022
[3] ਨਿੱਜੀ ਮੁਲਾਕਾਤ, ਸੰਚਾਲਕ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਸਥਾਨ ਅੰਮ੍ਰਿਤਸਰ, ਮਿਤੀ 25 ਸਤੰਬਰ 2022
[4] ਯੂਨੀਵਰਸਿਟੀ ਕਲੈਂਡਰ, 1990, ਪੰਨਾ 12
[5] ............ਉਹੀ..................1990, ਪੰਨਾ-8
[6] ਨਿੱਜੀ ਮੁਲਾਕਾਤ, ਸਹਾਇਕ ਲਾਇਬ੍ਰੇਰੀਅਨ, ਪੰਜਾਬੀ ਯੂਨੀਵਰਸਿਟੀ ਪਟਿਆਲਾ
[7] ਨਿੱਜੀ ਮੁਲਾਕਾਤ, ਸੰਚਾਲਕ, ਡਾ. ਜਾਗੀਰ ਸਿੰਘ, ਸਥਾਨ ਚੰਡੀਗੜ੍ਹ, ਮਿਤੀ 21 ਅਕਤੂਬਰ 2021
[8] ਨਿੱਜੀ ਮੁਲਾਕਾਤ, ਸੰਚਾਲਕ, ਗ੍ਰੇਸ਼ੀਅਸ ਬੁੱਕਸ, ਸਥਾਨ ਪਟਿਆਲਾ, ਮਿਤੀ 11 ਸਤੰਬਰ 2021